# ਬੁੱਢੇਵਾਲ ਸਕੂਲ ਨੇ ਜ਼ੋਨਲ ਫੁਟਬਾਲ ਟੂਰਨਾਮੈਂਟ ਜਿੱਤਿਆ

ਪੱਤਰ ਪ੍ਰੇਰਕ

ਲੁਧਿਆਣਾ, 21 ਜਨਵਰੀ
ਅਖਿਲ ਭਾਰਤੀ ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ ਦੇ 5ਵੇਂ ਭਾਗ ਤਹਿਤ ਲੁਧਿਆਣਾ ਵਿਚ ਨਿਰਮਲ ਸਪੋਰਟਸ ਕੰਪਲੈਕਸ, ਸੈਕਟਰ-38 ਦੇ ਮੈਦਾਨ ਵਿਚ ਹੋਏ ਫੁਟਬਾਲ ਮੁਕਾਬਲੇ 'ਚ ਬੁੱਢੇਵਾਲ ਪਬਲਿਕ ਸਕੂਲ ਨੇ ਟੈਗੋਰ ਇੰਟਰਨੇਸ਼ਨਲ ਸਕੂਲ ਨੂੰ 3-0 ਦੇ ਫਰਕ ਨਾਲ ਹਰਾ ਕੇ ਲੁਧਿਆਣਾ ਜ਼ੋਨਲ ਫੁਟਬਾਲ ਟੂਰਨਾਮੈਂਟ ਜਿੱਤ ਲਿਆ। ਜੇਤੂ ਟੀਮ ਵੱਲੋਂ ਆਸ਼ੀਸ਼ ਨੇ 2 ਅਤੇ ਸੁਖਮਨ ਨੇ 1 ਗੋਲ ਕੀਤਾ। ਇਸ ਟੂਰਨਾਮੈਂਟ 'ਚ 32 ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ। ਜੇਤੂ ਟੀਮ ਸ਼ਿਲਾਂਗ 'ਚ ਹੋਣ ਵਾਲੀ ਕੌਮੀ ਚੈਂਪੀਅਨਸ਼ਿਪ 'ਚ ਵਿਚ ਭਾਗ ਲਵੇਗੀ।

ਇਸ ਤੋਂ ਪਹਿਲਾਂ ਸੈਮੀ ਫਾਈਨਲ ਵਿਚ ਬੁੱੜੇਵਾਲ ਪਬਲਿਕ ਸਕੂਲ ਦਾ ਮੁਕਾਬਲਾ ਰਿਆਨ ਇੰਟਰਨੈਸ਼ਨਲ ਸਕੂਲ ਨਾਲ ਅਤੇ ਟੈਗੋਰ ਇੰਟਰਨੈਸ਼ਨਲ ਸਕੂਲ ਦਾ ਮੁਕਾਬਲਾ ਜੀ.ਐਸ.ਐਸ.ਐਸ. ਜਿੰਦਾਲੀ ਨਾਲ ਹੋਇਆ ਸੀ। ਬੁੱੜੇਵਾਲ ਪਬਲਿਕ ਸਕੂਲ ਨੇ ਰਿਆਨ ਸਕੂਲ ਦੀ ਟੀਮ ਨੂੰ 4-0 ਨਾਲ ਜਦਕਿ ਟੈਗੋਰ ਇੰਟਰਨੈਸ਼ਨਲ ਸਕੂਲ ਦੀ ਟੀਮ ਨੇ ਜੀ.ਐਸ.ਐਸ.ਐਸ. ਦੀ ਟੀਮ ਨੂੰ 1-0 ਨਾਲ ਹਰਾਇਆ ਸੀ।

ਬਿਹਤਰੀਨ ਗੋਲਕੀਪਰ ਦਾ ਐਵਾਰਡ ਟੈਗੋਰ ਇੰਟਰਨੈਸ਼ਨਲ ਸਕੂਲ ਦੇ ਹਰਿੰਦਰ ਗਰੇਵਾਲ ਨੂੰ ਅਤੇ ਬੁੱੜੇਵਾਲ ਪਬਲਿਕ ਸਕੂਲ ਦੇ ਜਸਵਿੰਦਰ ਸਿੰਘ ਨੂੰ ਸਭ ਤੋਂ ਵੱਧ ਗੋਲ ਕਰਨ ਅਤੇ ਬਿਹਤਰੀਨ ਖਿਡਾਰੀ ਐਵਾਰਡ ਦਿੱਤਾ ਗਿਆ।